ਤੁਸੀਂ ਅੱਲਾਹ ਤੋਂ ਡਰਦੇ ਰਹਿਓ, ਅਤੇ ਆਪਣੇ ਹੁਕਮਰਾਨਾਂ (ਸ਼ਾਸਕਾਂ) ਦੇ ਆਦੇਸ਼ ਸੁਣਿਓ ਤੇ ਮੰਨਦੇ ਰਹਿਓ। ਫੇਰ ਭਾਵੇਂ ਉਹ ਹੁਕਮਰਾਨ ਇੱਕ ਹਬਸ਼ੀ ਗੁਲਾਮ (ਪੁਰਾਣੇ ਸਮੇਂ ਵਿੱਚ ਗੁਲਾਮ ਬਣਾਏ ਜਾਣ ਵਾਲੇ ਅਫਰੀਕੀ) ਹੀ ਕਿਉਂ ਨਾ ਹੋਵੇ। ਤੁਸੀਂ ਮੈਥੋਂ ਬਾਅਦ ਬਹੁਤ ਜ਼ਿਆਦਾ ਇਖਤਲਾਫ਼ (ਮਤਭੇਦ) ਵੇਖੋਂਗੇ, ਸੋ ਤੁਸੀਂ ਮੇਰੀ ਸੁੰਨਤ ਅਤੇ ਸੱਚੇ ਤੇ ਗਿਆਨਵਾਨ ਖ਼ੁਲਫ਼ਾ-ਏ-ਰਾਸ਼ਿਦੀਨ (ਪਹਿਲੇ ਚਾਰ ਖ਼ਲੀਫ਼ਾ) ਦੀ ਸੁੰਨਤ 'ਤੇ ਚੱਲਦੇ ਰਹਿਓ

ਇਰਬਾਜ਼ ਬਿਨ ਸਾਰਿਯਾ ਰਜ਼ੀਅੱਲਾਹੁ ਅਨਹੁ ਤੋਂ ਰਿਵਾਇਤ ਹੈ, ਉਹ ਕਹਿੰਦੇ ਹਨ: ਇੱਕ ਦਿਨ ਅੱਲਾਹ ਦੇ ਰਸੂਲ صلى الله عليه وسلم ਸਾਡੇ ਵਿਚਕਾਰ ਖੜੇ ਹੋਏ ਸੀ ਅਤੇ ਆਪ صلى الله عليه وسلم ਨੇ ਅਜਿਹਾ ਹੈਰਾਨ ਕਰਨ ਵਾਲਾ ਭਾਸ਼ਣ ਦਿੱਤਾ ਕਿ ਸਾਡੇ ਦਿਲ ਕੰਬ ਉੱਠੇ ਤੇ ਅੱਖਾਂ 'ਚੋਂ ਹੰਝੂ ਬਹਿ ਗਏ। ਉਸ ਸਮੇਂ ਕਿਸੇ ਨੇ ਕਿਹਾ ਕਿ ਹੇ ਅੱਲਾਹ ਦੇ ਰਸੂਲ, ਤੁਸੀਂ ਅਜਿਹਾ ਭਾਸ਼ਣ ਦਿੱਤਾ ਹੈ ਕਿ ਲਗਦਾ ਹੈ ਇਹ ਵਿਦਾਈ ਦਾ ਭਾਸ਼ਣ ਹੈ। ਸੋ ਤੁਸੀਂ ਸਾਨੂੰ ਕੋਈ ਨਸੀਹਤ ਕਰ ਦਿਓ। ਉਦੋਂ ਆਪ صلى الله عليه وسلم ਨੇ ਫਰਮਾਇਆ: "ਤੁਸੀਂ ਅੱਲਾਹ ਤੋਂ ਡਰਦੇ ਰਹਿਓ, ਅਤੇ ਆਪਣੇ ਹੁਕਮਰਾਨਾਂ (ਸ਼ਾਸਕਾਂ) ਦੇ ਆਦੇਸ਼ ਸੁਣਿਓ ਤੇ ਮੰਨਦੇ ਰਹਿਓ। ਫੇਰ ਭਾਵੇਂ ਉਹ ਹੁਕਮਰਾਨ ਇੱਕ ਹਬਸ਼ੀ ਗੁਲਾਮ (ਪੁਰਾਣੇ ਸਮੇਂ ਵਿੱਚ ਗੁਲਾਮ ਬਣਾਏ ਜਾਣ ਵਾਲੇ ਅਫਰੀਕੀ) ਹੀ ਕਿਉਂ ਨਾ ਹੋਵੇ। ਤੁਸੀਂ ਮੈਥੋਂ ਬਾਅਦ ਬਹੁਤ ਜ਼ਿਆਦਾ ਇਖਤਲਾਫ਼ (ਮਤਭੇਦ) ਵੇਖੋਂਗੇ, ਸੋ ਤੁਸੀਂ ਮੇਰੀ ਸੁੰਨਤ ਅਤੇ ਸੱਚੇ ਤੇ ਗਿਆਨਵਾਨ ਖ਼ੁਲਫ਼ਾ-ਏ-
ਰਾਸ਼ਿਦੀਨ (ਪਹਿਲੇ ਚਾਰ ਖ਼ਲੀਫ਼ਾ) ਦੀ ਸੁੰਨਤ 'ਤੇ ਚੱਲਦੇ ਰਹਿਓ। ਉਨ੍ਹਾਂ ਨੂੰ ਆਪਣੀ ਦਾੜ੍ਹਾਂ ਨਾਲ ਫੜ
ਕੇ ਰੱਖਿਓ। ਧਿਆਨ ਰੱਖਿਓ ਕਿ ਦੀਨ ਦੇ ਨਾਂ 'ਤੇ ਸਾਹਮਣੇ ਆਉਣ ਵਾਲੀ ਨਿਤ-ਨਵੀਂ ਚੀਜ਼ ਤੋਂ ਬਚਕੇ ਰਹਿਓ। ਕਿਉਂਕਿ ਹਰ ਬਿੱਦਤ (ਦੀਨ ਦੇ ਨਾਂ 'ਤੇ ਘੜੀ ਜਾਣ ਵਾਲੀ ਨਵੀ ਚੀਜ਼) ਗੁਮਰਾਹੀ ਹੈ।"
[صحيح] [رواه أبو داود والترمذي وابن ماجه وأحمد]

ਇੱਕ ਦਿਨ ਨਬੀ ਕਰੀਮ صلى الله عليه وسلم ਨੇ ਆਪਣੇ ਸਹਾਬੀਆਂ (ਸਾਥੀਆਂ) ਅੱਗੇ ਇੱਕ ਭਾਸ਼ਣ ਦਿੱਤਾ। ਭਾਸ਼ਣ ਇੰਨਾ ਪ੍ਰਭਾਵਸ਼ਾਲੀ ਸੀ ਕਿ ਉਸ ਨੂੰ ਸੁਣਨ ਵਾਲਿਆਂ ਦੇ ਦਿਲ ਕੰਬ ਉੱਠੇ ਅਤੇ ਅੱਖਾਂ ਹੰਝੂਆਂ ਨਾਲ ਭਰ ਗਈਆਂ। ਇਹ ਦੇਖ ਕੇ ਆਪ صلى الله عليه وسلم ਦੇ ਸਹਾਬੀਆਂ ਨੇ ਕਿਹਾ ਕਿ ਹੇ ਅੱਲਾਹ ਦੇ ਰਸੂਲ صلى الله عليه وسلم ਇੰਜ ਲਗਦਾ ਹੈ ਕਿ ਇਹ ਵਿਦਾਈ ਦੇ ਸਮੇਂ ਦਿੱਤਾ ਜਾਣ ਵਾਲਾ ਭਾਸ਼ਣ ਹੈ। ਕਿਉਂਕਿ ਉਨ੍ਹਾਂ ਨੇ ਦੇਖਿਆ ਸੀ ਕਿ ਭਾਸ਼ਣ ਦਿੰਦੇ ਹੋਏ ਅੱਲਾਹ ਦੇ ਨਬੀ صلى الله عليه وسلم ਨੇ ਆਪਣਾ ਦਿਲ ਕੱਢ ਕੇ ਰੱਖ ਦਿੱਤਾ ਸੀ। ਸੋ ਉਨ੍ਹਾਂ ਨੇ ਆਪ صلى الله عليه وسلم ਨੂੰ ਕੋਈ ਨਸੀਹਤ ਕਰਨ ਲਈ ਕਿਹਾ, ਤਾਂ ਜੋ ਆਪ صلى الله عليه وسلم ਦੇ ਜਾਣ ਤੋਂ ਬਾਅਦ ਉਸ ਨੂੰ ਮਜ਼ਬੂਤੀ ਨਾਲ ਫੜ ਕੇ ਰੱਖਣ। ਫੇਰ ਆਪ صلى الله عليه وسلم ਨੇ ਫ਼ਰਮਾਇਆ: ਮੈਂ ਤੁਹਾਨੂੰ ਸਰਬਸ਼ਕਤੀਮਾਨ ਅੱਲਾਹ ਤੋਂ ਡਰ ਕੇ ਰਹਿਣ ਦੀ ਨਸੀਹਤ ਕਰਦਾ ਹਾਂ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਅੱਲਾਹ ਤੋਂ ਡਰਨ ਦਾ ਮਤਲਬ ਹੈ, ਉਸ ਵੱਲੋਂ ਲਾਜ਼ਮੀ ਕੀਤੇ ਕੰਮਾਂ (ਵਾਜਿਬਾਤ) ਨੂੰ ਪੂਰਾ ਕਰਦੇ ਰਹਿਣਾ ਅਤੇ ਮਨਾਹ ਕੀਤੀਆਂ ਚੀਜ਼ਾਂ ਤੋਂ ਦੂਰ ਰਹਿਣਾ। ਇਸੇ ਤਰ੍ਹਾਂ ਮੈਂ ਤੁਹਾਨੂੰ ਹੁਕਮਰਾਨਾਂ ਦਾ ਹੁਕਮ ਸੁਣਨ ਤੇ ਮੰਨਣ ਦੀ ਨਸੀਹਤ ਕਰਦਾ ਹਾਂ। ਫੇਰ ਭਾਵੇਂ ਉਹ ਹੁਕਮਰਾਨ ਕੋਈ ਹਬਸ਼ੀ ਗੁਲਾਮ ਹੀ ਕਿਉਂ ਨਾ ਹੋਵੇ। ਭਾਵ ਜੇਕਰ ਇੱਕ ਆਮ ਤੋਂ ਆਮ ਇਨਸਾਨ ਵੀ ਤੁਹਾਡਾ ਹੁਕਮਰਾਨ ਬਣ ਜਾਵੇ, ਤਾਂ ਤੁਸੀਂ ਉਸਤੋਂ ਦੂਰ ਨਾ ਭੱਜੋ। ਤੁਸੀਂ ਉਸ ਦੀ ਗੱਲ ਮੰਨੋ, ਤਾਂ ਜੋ ਫਿਤਨੇ (ਅਸ਼ਾਂਤੀ) ਅੱਗੇ ਨਾ ਵਧਣ। ਕਿਉਂਕਿ ਤੁਹਾਡੇ ਵਿੱਚੋਂ ਜੋ ਵੀ ਜੀਵਤ ਰਹਿਣਗੇ, ਉਹ ਬਹੁਤ ਜ਼ਿਆਦਾ ਇਖਤਲਾਫ਼ (ਝਗੜੇ/ਮਤਭੇਦ) ਵੇਖਣਗੇ। ਫੇਰ ਅੱਲਾਹ ਦੇ ਨਬੀ صلى الله عليه وسلم ਨੇ ਆਪਣੇ ਸਾਥੀਆਂ ਨੂੰ ਇਸ ਇਖਤਲਾਫ਼ ਵਿੱਚੋਂ ਨਿੱਕਲਣ ਦਾ ਇੱਕ ਰਸਤਾ ਦੱਸਿਆ। ਰਸਤਾ ਇਹ ਹੈ ਕਿ ਆਪ صلى الله عليه وسلم ਦੀ ਸੁੰਨਤ ਅਤੇ ਆਪ ਤੋਂ ਬਾਅਦ ਖਿਲਾਫਤ ਲੈਣ ਵਾਲੇ ਨੇਕ ਤੇ

ਗਿਆਨਵਾਨ ਖਲੀਫੇ; ਅਬੁ-ਬਕਰ ਸਿੱਦੀਕ, ਉਮਰ ਬਿਨ ਖੱਤਾਬ, ਉਸਮਾਨ ਬਿਨ ਅੱਫ਼ਾਨ ਅਤੇ ਅਲੀ ਬਿਨ ਅਬੁ ਤਾਲਿਬ (ਰਜ਼ੀਅੱਲਾਹੁ ਅਨਹੁਮਾ) ਦੀ ਸੁੰਨਤ ਨੂੰ ਫੜ ਕੇ ਰੱਖਿਆ ਜਾਵੇ। ਆਪ صلى الله عليه وسلم ਨੇ ਇਸ ਨੂੰ ਦਾੜ੍ਹਾਂ ਨਾਲ ਫੜਨ ਦਾ ਹੁਕਮ ਦਿੱਤਾ। ਭਾਵ ਹਰ ਹਾਲ ਵਿੱਚ ਸੁੰਨਤ ਦਾ ਪਾਲਣ ਕੀਤਾ ਜਾਵੇ ਅਤੇ ਉਸ ਨੂੰ ਪੂਰੀ ਤਾਕਤ ਨਾਲ ਫੜ ਕੇ ਰੱਖਿਆ ਜਾਵੇ। ਉਸਤੋਂ ਬਾਅਦ ਆਪ صلى الله عليه وسلم ਨੇ ਉਨ੍ਹਾਂ ਨੂੰ ਦੀਨ ਦੇ ਨਾਂ 'ਤੇ ਘੜੀ ਜਾਣ ਵਾਲੀਆਂ ਨਿਤ-ਨਵੀਆਂ ਚੀਜ਼ਾਂ ਭਾਵ ਬਿੱਦਤਾਂ ਤੋਂ ਸਾਵਧਾਨ ਕੀਤਾ। ਕਿਉਂਕਿ ਦੀਨ ਦੇ ਨਾਂ 'ਤੇ ਸਾਹਮਣੇ ਆਉਣ ਵਾਲੀ ਹਰ ਨਵੀਂ ਚੀਜ਼ ਗੁਮਰਾਹੀ ਹੈ।

https://www.sunnah.global/hadeeth/pa/show/65057